## **ਦੂਜੀ ਅਪੀਲ ਦਾਇਰ ਕਰਨ ਦੀ ਪ੍ਰਕ੍ਰਿਆ ਅਤੇ ਫਾਰਮ**

(ਨੋਟ: ਕਾਨੂੰਨੀ ਵਿਵਸਥਾਵਾਂ ਸਮਝਣ ਲਈ **ਸੂਚਨਾ ਅਧਿਕਾਰ ਕਾਨੂੰਨ 2005** ਸਬੰਧੀ ਮੇਰੀ ਲਿਖੀ ਪੁਸਤਕਾ ਪੜ੍ਹੀ ਜਾ ਸਕਦੀ ਹੈ ਜੋ Website ਉੱਪਰ ਮੋਜੂਦ ਹੈ )

ਸੂਚਨਾ ਅਧਿਕਾਰ ਕਾਨੂੰਨ 2005 ਅਤੇ ਇਸ ਕਾਨੂੰਨ ਅਧੀਨ ਬਣੇ ਨਿਯਮਾਂ ਵਿਚ ਅਪੀਲਾਂ ਦਾਇਰ ਕਰਨ ਲਈ ਲੋੜੀਂਦੇ ਫਾਰਮਾਂ ਦਾ ਨਮੂਨਾ ਨਹੀਂ ਦਿੱਤਾ ਗਿਆ। ਨਤੀਜੇ ਵਜੋਂ ਪ੍ਰਾਰਥੀਆਂ ਨੂੰ ਅਪੀਲਾਂ ਦਾਇਰ ਕਰਨ ਸਮੇਂ ਔਕੜ ਮਹਿਸੂਸ ਹੁੰਦੀ ਹੈ। ਇਹ ਸਮੱਸਿਆ ਸੁਲਝਾਉਣ ਲਈ **ਦੂਜੀ** ਅਪੀਲ ਦਾਇਰ ਕਰਨ ਲਈ ਲੋੜੀਂਦਾ ਫਾਰਮ ਅਤੇ ਫਾਰਮ ਦੇ ਕਾਲਮ ਭਰਨ ਬਾਰੇ ਸੂਚਨਾ ਉਪਲੱਬਧ ਕਰਵਾਈ ਜਾ ਰਹੀ ਹੈ।

### **ਦੂਜੀ ਅਪੀਲ ਦਾਇਰ ਕਰਨ ਦੀ ਪ੍ਰਕ੍ਰਿਆ**

(1) ਲੋੜੀਂਦਾ ਫਾਰਮ, (2) ਅਪੀਲ ਦੇ ਅਧਾਰ, (3) ਮੰਗੀ ਗਈ ਰਾਹਤ

### **ਦੂਜੀ ਅਪੀਲ ਦਾ ਫਾਰਮ**
**(ਸੂਚਨਾ ਅਧਿਕਾਰ ਕਾਨੂੰਨ-2005 ਦੀਆਂ ਵਿਵਸਥਾਵਾਂ ਅਨੁਸਾਰ)**

ਸੇਵਾ ਵਿਖੇ

ਪੰਜਾਬ ਸਟੇਟ ਪਬਲਿਕ ਇਨਫੋਰਮੇਸ਼ਨ ਕਮਿਸ਼ਨ
ਚੰਡੀਗੜ੍ਹ।

ਸ਼੍ਰੀ ਮਾਨ ਜੀ

ਬੇਨਤੀ ਹੈ ਕਿ ਲੋਕ ਸੂਚਨਾ ਅਫਸਰ ਅਤੇ ਪਹਿਲੇ ਅਪੀਲ ਅਧਿਕਾਰੀ ਵੱਲੋਂ ਮੈਨੂੰ ਸੂਚਨਾ ਉਪਲੱਬਧ ਨਹੀਂ ਕਰਾਈ ਗਈ/ਅਧੂਰੀ ਸੂਚਨਾ ਉਪਲੱਬਧ ਕਰਵਾਈ ਗਈ ਹੈ/ਮੇਰੇ ਕੋਲੋਂ ਵੱਧ ਸੂਚਨਾ ਫੀਸ ਦੀ ਮੰਗ ਕੀਤੀ ਗਈ ਹੈ। ਇਸ ਲਈ ਮੈਂ ਸੂਚਨਾ ਅਧਿਕਾਰ ਕਾਨੂੰਨ ਦੀ ਧਾਰਾ 19 ਅਧੀਨ ਆਪ ਜੀ ਪਾਸ ਇਹ ਦੂਜੀ ਅਪੀਲ ਦਾਇਰ ਕਰ ਰਿਹਾ ਹਾਂ।

1. ਅਪੀਲ ਕਰਤਾ ਬਾਰੇ ਸੂਚਨਾ:

(ੳ) ਪੂਰਾ ਨਾਂ ..................................

(ਅ) ਪੂਰਾ ਪਤਾ ..................................

(ੲ) ਫੋਨ ਨੰ: ..................................

(ਸ) ਈ-ਮੇਲ ..................................

2. ਸਟੇਟ ਲੋਕ ਸੂਚਨਾ ਅਫਸਰ ਬਾਰੇ ਸੂਚਨਾ:

(ੳ) ਨਾਂ/ਅਹੁੱਦਾ .................................

(ਅ) ਪੂਰਾ ਪਤਾ .................................

(ੲ) ਪਬਲਿਕ ਅਥਾਰਟੀ ਦਾ ਨਾਂ .................................

3. ਸੂਚਨਾ ਪ੍ਰਾਪਤ ਕਰਨ ਲਈ ਦਿੱਤੀ ਗਈ ਅਰਜ਼ੀ ਬਾਰੇ ਸੂਚਨਾ:

(ੳ) ਅਰਜ਼ੀ ਦਾਇਰ ਕਰਨ ਦੀ ਮਿਤੀ .................................

(ਅ) ਅਰਜ਼ੀ ਭੇਜਣ ਬਾਰੇ ਸੂਚਨਾ .................................

(ੲ) ਸੂਚਨਾ ਅਫਸਰ ਕੋਲ ਅਰਜ਼ੀ ਪੁੱਜਣ ਦੀ ਮਿਤੀ .................................

4. ਫੀਸ ਜਮ੍ਹਾ ਕਰਾਉਣ ਬਾਰੇ ਸੂਚਨਾ:

(ੳ) ਪੋਸਟਲ ਆਰਡਰ ਆਦਿ ਦੀ ਮਿਤੀ ਅਤੇ ਰਕਮ .................................

5. ਮੰਗੀ ਗਈ ਸੂਚਨਾ ਬਾਰੇ ਜਾਣਕਾਰੀ:

(ੳ) .................................

(ਅ) .................................

6. ਸਟੇਅ ਲੋਕ ਸੂਚਨਾ ਅਧਿਕਾਰੀ ਦੇ ਫੈਸਲੇ ਬਾਰੇ ਜਾਣਕਾਰੀ:

(ੳ) ਪੱਤਰ ਨੰਬਰ ਜਿਸ ਰਾਹੀਂ ਸੂਚਨਾ ਅਧਿਕਾਰੀ ਵੱਲੋਂ ਸੂਚਨਾ ਉਪਲੱਬਧ ਕਰਵਾਈ ਗਈ .................................

(ਅ) ਫੈਸਲੇ ਦੀ ਮਿਤੀ .................................

(ੲ) ਦਰਖਾਸਤੀ ਕੋਲ ਫੈਸਲਾ ਪੁੱਜਣ ਦੀ ਮਿਤੀ .................................

7. ਪਹਿਲੇ ਅਪੀਲ ਅਧਿਕਾਰੀ ਦੇ ਫੈਸਲੇ ਬਾਰੇ ਜਾਣਕਾਰੀ .................................

(ੳ) ਪਹਿਲੇ ਅਪੀਲ ਅਧਿਕਾਰੀ ਦਾ ਨਾਂ ਅਤੇ ਅਹੁੱਦਾ .................................

(ਅ) ਪਹਿਲੇ ਅਪੀਲ ਅਧਿਕਾਰੀ ਦਾ ਪੂਰਾ ਪਤਾ .................................

8. ਪਹਿਲੀ ਅਪੀਲ ਦਾਇਰ ਕਰਨ ਬਾਰੇ ਜਾਣਕਾਰੀ .................................

(ੳ) ਪਹਿਲੀ ਅਪੀਲ ਦਾਇਰ ਕਰਨ ਦੀ ਮਿਤੀ .................................

(ਅ) ਅਪੀਲ ਦਾਇਰ ਕਰਨ ਦੇ ਸਬੂਤ (ਡਾਕਖਾਨੇ ਦੀ ਰਸੀਦ ਆਦਿ) .................................

9. ਅਪੀਲ ਅਧਿਕਾਰੀ ਦੇ ਫੈਸਲੇ ਬਾਰੇ ਜਾਣਕਾਰੀ .................................

(ੳ) ਅਪਿਲ ਅਧਿਕਾਰੀ ਦੇ ਫੈਸਲੇ ਦੀ ਮਿਤੀ ਅਤੇ ਨੰਬਰ .................................

(ਅ) ਫੈਸਲਾ ਪ੍ਰਾਪਤ ਹੋਣ ਦੀ ਮਿਤੀ .................................

10. ਸੂਚਨਾ ਸਬੰਧੀ ਸੰਖੇਪ ਹਾਲਾਤ:

...................................................................

...................................................................

11. ਅਪੀਲ ਦੇ ਗਰਾਊਂਡ/ਕਾਰਨ:

(ੳ) .................................

(ਅ) .................................

12. ਅਪੀਲ ਦੇ ਹੱਕ ਵਿਚ ਹੋਰ ਦਲੀਲ/ਸੂਚਨਾ:

13. ਮੰਗੀ ਗਈ ਰਾਹਤ:

(ੳ) .................................

(ਅ) .................................

14. ਮੰਗੀ ਗਈ ਰਾਹਤ ਦੇ ਅਧਾਰ: .................................

15. ਅਪੀਲ ਅਥਾਰਟੀ ਕੋਲ ਨਿੱਜੀ ਸੁਣਵਾਈ ਲਈ ਪੇਸ਼ ਹੋਣ ਬਾਰੇ: **ਹਾਂ/ਨਾਂਹ**

16. ਨੱਥੀ ਕੀਤੇ ਦਸਤਾਵੇਜ਼:

(ੳ) ਅਸਲ ਦਰਖਾਸਤ ਦੀ ਨਕਲ

(ਅ) ਦਰਖਾਸਤ ਭੇਜਣ ਦੇ ਸਬੂਤ ਵਜੋਂ ਡਾਕ ਵਿਭਾਗ/ਕੋਰੀਅਰ ਵੱਲੋਂ ਜਾਰੀ ਕੀਤੀ ਰਸੀਦ ਦੀ ਨਕਲ

(ੲ) ਲੋਕ ਸੂਚਨਾ ਅਫਸਰ ਦੇ ਫੈਸਲੇ ਦੀ ਨਕਲ

(ਸ) ਪਹਿਲੀ ਅਪੀਲ ਦੀ ਨਕਲ

(ਹ) ਪਹਿਲੇ ਅਪੀਲ ਅਧਿਕਾਰੀ ਦੇ ਫੈਸਲੇ ਦੀ ਨਕਲ

17. ਘੋਸ਼ਣਾ: ਮੈਂ ਇਹ ਘੋਸ਼ਣਾ ਕਰਦਾ ਹਾਂ ਕਿ ਮੇਰੇ ਵੱਲੋਂ ਉਕਤ ਪੈਰਿਆਂ ਵਿਚ ਦਰਜ ਕੀਤੀ ਗਈ ਸੂਚਨਾ ਮੇਰੇ ਇਲਮ ਅਤੇ ਯਕੀਨ ਅਨੁਸਾਰ ਸੱਚੀ ਅਤੇ ਸਹੀ ਹੈ। ਮੈਂ ਇਹ ਵੀ ਘੋਸ਼ਿਤ ਕਰਦਾ ਹਾਂ ਕਿ ਮੈਂ ਇਸ ਮਾਮਲੇ ਸਬੰਧੀ ਪਹਿਲਾਂ ਕਿਸੇ ਸੂਚਨਾ ਕਮਿਸ਼ਨ ਕੋਲ ਜਾਂ ਅਦਾਲਤ ਕੋਲ ਇਸ ਬਾਰੇ ਕੋਈ ਕਾਨੂੰਨੀ ਚਾਰਾਜੋਹੀ ਨਹੀਂ ਕੀਤੀ।

ਜਗ੍ਹਾ:

ਮਿਤੀ: ਅਪੀਲਕਰਤਾ ਦੇ ਦਸਤਖਤ

## ਅਪੀਲ ਦੇ ਫਾਰਮ ਵਿਚ ਮੰਗੀ ਗਈ ਸੂਚਨਾ ਬਾਰੇ ਜਾਣਕਾਰੀ

1. ਅਪੀਲ ਦੇ ਅਧਾਰ (ਪੈਰਾ ਨੰ:11 ਵਿਚ ਮੰਗੀ ਗਈ ਸੂਚਨਾ): ਅਪੀਲ ਦੇ ਹੇਠ ਲਿਖੇ ਅਧਾਰ ਹੋ ਸਕਦੇ ਹਨ:

(ੳ) ਲੋਕ ਸੂਚਨਾ ਅਫਸਰ ਅਤੇ ਪਹਿਲੇ ਅਪੀਲ ਅਧਿਕਾਰੀ ਵੱਲੋਂ ਸੂਚਨਾ ਉਪਲੱਬਧ ਨਾ ਕਰਾਉਣਾ - ਜੇ ਲੋਕ ਸੂਚਨਾ ਅਫਸਰ ਅਤੇ ਪਹਿਲੇ ਅਪੀਲ ਅਧਿਕਾਰੀ ਸੂਚਨਾ ਲਈ ਦਿੱਤੀ ਗਈ ਅਰਜ਼ੀ ਬਾਰੇ ਕੋਈ ਜਵਾਬ ਨਾ ਦੇਵੇ ਤਾਂ ਅਪੀਲ ਦਾ ਇਹ ਅਧਾਰ ਬਣਦਾ ਹੈ।

(ਅ) ਅਧੂਰੀ ਸੂਚਨਾ ਉਪਲੱਬਧ ਕਰਾਉਣਾ: ਜੇ ਲੋਕ ਸੂਚਨਾ ਅਫਸਰ ਅਤੇ ਪਹਿਲੇ ਅਪੀਲ ਅਧਿਕਾਰੀ ਵੱਲੋਂ ਮੰਗੀ ਗਈ ਪੂਰੀ ਸੂਚਨਾ ਉਪਲੱਬਧ ਨਾ ਕਰਵਾਵੇ ਤਾਂ ਅਪੀਲ ਦਾ ਇਹ ਅਧਾਰ ਬਣ ਸਕਦਾ ਹੈ।

(ੲ) ਕਾਨੂੰਨ ਵੱਲੋਂ ਨਿਸ਼ਚਿਤ ਫੀਸ ਨਾਲੋਂ ਵੱਧ ਫੀਸ ਦੀ ਮੰਗ ਕਰਨਾ

(ਸ) ਕੋਈ ਹੋਰ ਅਧਾਰ

2. ਅਪੀਲ ਵਿਚ ਮੰਗੀ ਗਈ ਰਾਹਤ: (ਪੈਰਾ ਨੰ:14 ਵਿਚ ਮੰਗੀ ਗਈ ਸੂਚਨਾ):

(ੳ) ਮੰਗੀ ਗਈ ਸੂਚਨਾ ਉਪਲੱਬਧ ਕਰਵਾਈ ਜਾਵੇ।

(ਅ) ਕਿਉਂਕਿ ਸੂਚਨਾ ਕਾਨੂੰਨ ਵੱਲੋਂ ਨਿਸ਼ਿਚਿਤ 30 ਦਿਨਾਂ ਦੇ ਅੰਦਰ ਉਪਲੱਬਧ ਨਹੀਂ ਕਰਵਾਈ ਗਈ। ਇਸ ਲਈ ਸੂਚਨਾ ਮੁਫਤ ਦਿੱਤੇ ਜਾਣ ਦੀ ਰਾਹਤ।

(ੲ) ਸਟੇਟ ਲੋਕ ਸੂਚਨਾ ਅਫਸਰ ਵਿਰੁੱਧ ਬਣਦੀ ਵਿਭਾਗੀ ਅਨੁਸ਼ਾਸਨੀ ਕਾਰਵਾਈ: